**ਪੰਜਾਬੀ ਯੂਨੀਵਰਸਿਟੀ, ਪਟਿਆਲਾ**

(1961 ਦੇ ਪੰਜਾਬ ਐਕਟ ਨੰ:35 ਤਹਿਤ ਸਥਾਪਤ)

**(ਪ੍ਰੈਕਟੀਕਲ ਸ਼ਾਖਾ)**

# ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਅਤਿ-ਜਰੂਰੀ ਸੂਚਨਾ

ਅੰਡਰ ਗ੍ਰੈਜੂਏਟ ਭਾਗ ਪਹਿਲਾ (ਸਮੈਸਟਰ ਪਹਿਲਾ ਅਤੇ ਦੂਜਾ) ਅਤੇ ਸਾਰੇ ਡਿਪਲੋਮਾਂ / ਐੱਡ ਆਨ ਕੋਰਸਿਜ਼ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਯੂਨੀਵਰਸਿਟੀ ਨਾਲ ਸਬੰਧਿਤ ਕਾਲਜਾਂ ਦੇ **ਪ੍ਰਿੰਸੀਪਲ ਸਾਹਿਬਾਨ ਆਪਣੇ ਪੱਧਰ ਤੇ ਕਰਵਾਉਣਗੇ।** ਅੰਡਰ ਗ੍ਰੈਜੂਏਟ ਪ੍ਰੈਕਟੀਕਲ ਪ੍ਰੀਖਿਆਵਾਂ ਭਾਗ ਦੂਜਾ (ਸਮੈਸਟਰ ਤੀਜਾ ਅਤੇ ਚੌਥਾ) ਅਤੇ ਭਾਗ ਤੀਜਾ (ਸਮੈਸਟਰ ਪੰਜਵਾਂ ਅਤੇ ਛੇਵਾਂ) ਦੇ **ਪ੍ਰੈਕਟੀਕਲ ਪ੍ਰੀਖਿਅਕਾਂ ਦੀ ਨਿਯੁੱਕਤੀ ਯੂਨੀਵਰਸਿਟੀ ਵੱਲੋਂ ਕੀਤੀ ਜਾਵੇਗੀ।**

ਬੀ.ਐਸ.ਸੀ. (ਭਾਗ ਪਹਿਲਾ, ਦੂਜਾ ਅਤੇ ਤੀਜਾ) ਅਤੇ ਐਮ.ਏ. (ਫਾਈਨ ਆਰਟਸ) ਦੀਆਂ ਸਮੈਸਟਰ **ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ ਪ੍ਰਸ਼ਨ ਪੱਤਰ ਪ੍ਰੈਕਟੀਕਲ ਪ੍ਰੀਖਿਅਕ ਵੱਲੋਂ ਮੌਕੇ ਤੇ ਹੀ ਤਿਆਰ ਕਰਕੇ ਇਹ ਪ੍ਰੈਕਟੀਕਲ ਪ੍ਰੀਖਿਆਵਾਂ ਕਰਵਾਈਆਂ ਜਾਣਗੀਆਂ, ਜੀ।**

ਪ੍ਰੀਖਿਅਕ ਦੁਆਰਾ ਕੰਡਕਟ ਕੀਤੀ ਗਈ ਪ੍ਰੈਕਟੀਕਲ ਪ੍ਰੀਖਿਆ ਦੀ ਅਵਾਰਡ਼ ਦੀ ਇਕ ਕਾਪੀ ਪ੍ਰੀਖਿਅਕ ਵਲੋਂ ਸਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਨੂੰ ਦਿੱਤੀ ਜਾਵੇਗੀ ਜੋ ਕਿ ਮੌਕੇ ਤੇ ਹੀ ਇਸਨੂੰ ਯੂਨੀਵਰਸਿਟੀ ਪੋਰਟਲ ਤੇ ਅਪਲੋਡ ਕਰਨਗੇ। ਪ੍ਰੀਖਿਅਕ ਵਲੋਂ ਅਵਾਰਡ ਦੀ ਅਸਲ ਕਾਪੀ ਸਹਾਇਕ ਰਜਿਸਟਰਾਰ (ਸੀਕਰੇਸੀ), ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਵੀ ਭੇਜੀ ਜਾਵੇਗੀ। ਪ੍ਰੈਕਟੀਕਲ ਪ੍ਰੀਖਿਆ ਲਈ ਵਰਤੀਆਂ ਗਈਆਂ ਉੱਤਰ ਕਾਪੀਆਂ ਵੀ ਸਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਇੱਕ ਸਾਲ ਤੱਕ ਆਪਣੇ ਕੋਲ ਰੱਖਣਗੇ ਤਾਂ ਜੋ ਸਮੇਂ-ਸਮੇਂ ਅਨੁਸਾਰ ਆਰ.ਟੀ.ਆਈ./ਕੋਰਟ ਕੇਸਾਂ ਨਾਲ ਸਬੰਧਿਤ ਕੇਸਾਂ ਦਾ ਨਿਪਟਾਰਾ ਕੀਤਾ ਜਾ ਸਕੇ, ਜੀ।

Gurbak
20.11.17

ਪ੍ਰੋ. ਇੰਚਾਰਜ (ਪ੍ਰੀਖਿਆਵਾਂ)